ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ. 299689/2023130507-508
ਮਿਤੀ 11-05-2023

**ਵਿਸ਼ਾ:** ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆਂ/ਕਰਮਚਾਰੀਆਂ ਦੀ APARs ਲਿਖਣ ਦੀ ਸਮੇਂ ਸਾਰਣੀ ਵਿੱਚ ਵਾਧਾ ਕਰਨ ਸਬੰਧੀ ਹਦਾਇਤਾਂ ਕਰਨ ਬਾਰੇ।

ਹਵਾਲਾ: ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ) ਦਾ ਪੱਤਰ ਨੰ. PERS-PP-1015/8/2023-2PP1/I/556978/2023 ਮਿਤੀ 09.05.2023.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਉਕਤ ਅਨੁਸਾਰ

11/5/2023
(ਬਲਜਿੰਦਰ ਕੌਰ)
ਸੁਪਰਡੰਟ (ਕੋਆਰਡੀਨੇਸ਼ਨ)

ਪਿੱ.ਅੰ.ਨੰ. ਉਕਤ/2023130509-512 ਮਿਤੀ 11-05-2023

ਉਤਾਰਾ ਹੇਠ ਲਿਖਿਆ ਨੂੰ ਹਦਾਇਤਾਂ ਦੀ ਪਾਲਣਾ ਹਿੱਤ ਭੇਜਿਆ ਜਾਂਦ ਹੈ:-

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ ਅਤੇ ਐਲੀਮੈਂਟੀ), ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

11/5/2023
(ਬਲਜਿੰਦਰ ਕੌਰ)
ਸੁਪਰਡੰਟ (ਕੋਆਰਡੀਨੇਸ਼ਨ)

ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.ਸਿ), ਪੰਜਾਬ, ਐਸ.ਏ.ਐਸ ਨਗਰ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ।

ਵਿਸ਼ਾ:- ਕੋਆਰਡੀਨੇਸ਼ਨ ਸ਼ਾਖਾ ਦੀ ਸੂਚਨਾ ਸਰਕਾਰ ਜਾਂ ਹੋਰ ਵਿਭਾਗਾਂ ਨੂੰ ਭੇਜਣ ਸਮੇਂ ਪੇਸ਼ ਆ ਰਹੀਆਂ ਦਿੱਕਤਾ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਸਹਿਤ ਦੱਸਿਆ ਜਾਂਦਾ ਹੈ ਕਿ ਕੋਆਰਡੀਨੇਸ਼ਨ ਸ਼ਾਖਾ ਵਿਖੇ ਸੀ.ਐਮ.ਰੈਫਰੈਸ. ਈ.ਐਮ ਰੈਫਰੈਂਸ. ਐਮ.ਐਲ.ਏ ਰੈਫਰੈਸ. ਵੱਖ-ਵੱਖ ਵਿਸ਼ਿਆਂ ਸਬੰਧੀ ਹੋਣ ਵਾਲੀਆਂ ਮੀਟਿੰਗਾ ਲਈ ਸੂਚਨਾ ਸਮੇਂ ਸਿਰ ਤਿਆਰ ਕਰਕੇ ਸਰਕਾਰ ਨੂੰ ਭੇਜੀ ਜਾਂਦੀ ਹੈ। ਇਸ ਤੋਂ ਇਲਾਵਾ ਯੂਨੀਅਨਾਂ ਦੀਆ ਮੰਗਾਂ ਸਬੰਧੀ ਹੋਣ ਵਾਲੀਆਂ ਮੀਟਿੰਗਾਂ ਲਈ ਯੂਨੀਅਨ ਵੱਲੋਂ ਪ੍ਰਾਪਤ ਅਜੰਡਿਆਂ ਤੇ ਸਬੰਧਤ ਸ਼ਾਖਾਵਾਂ(ਡੀ.ਐਸ.ਈ(ਸੈ.ਸਿ), ਡੀ.ਐਸ.ਈ(ਐ.ਸਿ), ਐਸ.ਸੀ.ਈ.ਆਰ.ਟੀ, ਡੀ.ਜੀ.ਐਸ.ਈ ਅਤੇ ਭਰੀਤ ਬੋਰਡ) ਤੋਂ ਸੂਚਨਾ ਪ੍ਰਾਪਤ ਕਰਕੇ ਕੰਸੋਲੀਡੇਟ ਕੀਤੀ ਜਾਂਦੀ ਹੈ। ਕਿਉਂ ਜੋ ਇਹ ਸਾਰੀਆਂ ਸੂਚਨਾਵਾਂ/ ਮੀਟਿੰਗਾਂ ਸਮਾਂ ਬੱਧ ਹੁੰਦੀਆਂ ਹਨ ਜਿਸ ਦਾ ਸਮੇਂ ਸਿਰ ਜਵਾਬ ਤਿਆਰ ਕੀਤਾ ਜਾਣਾ ਹੁੰਦਾ ਹੈ।

ਇਹ ਸੂਚਨਾਵਾਂ ਇਕੱਤਰ ਕਰਨ ਲਈ ਸਬੰਧਤ ਸ਼ਾਖਾਵਾਂ ਨੂੰ ਲਿਖਤੀ ਤੋਰ ਤੇ ਅਤੇ ਈ-ਮੇਲ ਰਾਹੀਂ ਸੂਚਨਾ ਭੇਜਣ ਲਈ ਲਿਖਿਆ ਜਾਂਦਾ ਹੈ ਇਸ ਤੋਂ ਇਲਾਵਾ ਵਟਸਪ ਰਾਹੀਂ ਅਤੇ ਨਿਜੀ ਪੱਧਰ ਤੇ ਟੈਲੀਫੋਨ ਰਾਹੀਂ ਵੀ ਸੂਚਨਾ ਭੇਜਣ ਲਈ ਸਬੰਧਤਾਂ ਨੂੰ ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਪਰੰਤੂ ਸਬੰਧਤ ਸ਼ਾਖਾਵਾਂ ਵੱਲੋਂ ਸੂਚਨਾ ਸਮੇਂ ਸਿਰ ਨਹੀ ਦਿਤੀ ਜਾਂਦੀ। ਜੇਕਰ ਦੇ ਵੀ ਦਿੱਤੀ ਜਾਂਦੀ ਹੈ ਤਾਂ ਸੂਚਨਾ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਨਹੀ ਹੁੰਦੀ ਜਿਸ ਕਾਰਨ ਸੂਚਨਾ ਕੰਸੋਲੀਡੇਟ ਕਰਨ ਵਿੱਚ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੇ ਇਹ ਵੀ ਦਸਣਾ ਯੋਗ ਹੋਵੇਗਾ ਕਿ ਕਈ ਵਾਰ ਸੂਚਨਾ ਦੋ ਸ਼ਾਖਾਵਾਂ ਨਾਲ ਸਬੰਧਤ ਹੋਣ ਕਾਰਨ, ਦੋਣੋ ਸ਼ਾਖਾਵਾਂ ਵੱਲੋਂ ਪਤੱਰ ਲੈਣ ਤੋ ਇਨਕਾਰ ਕਰ ਦਿਤਾ ਜਾਂਦਾ ਹੈ।ਜਿਸ ਕਾਰਨ ਕੋਆਰਡੀਨੇਸ਼ਨ ਸ਼ਾਖਾ ਵੱਲੋਂ ਸੂਚਨਾ ਸਮੇ ਸਿਰ ਤਿਆਰ ਕਰਨੀ ਸੰਭਵ ਨਹੀ ਹੁੰਦੀ ਅਤੇ ਸਰਕਾਰ ਪੱਧਰ ਤੇ ਸੂਚਨਾ ਭੇਜਣ ਲਈ ਬੇ ਲੋੜੀ ਦੇਰੀ ਹੋਣ ਕਾਰਨ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਪਰੋਕਤ ਸਥਿਤੀ ਦੇ ਸਨਮੁੱਖ ਨਿਮਰਤਾ ਸਹਿਤ ਬੇਨਤੀ ਹੈ ਕਿ ਸਬੰਧਤਾਂ ਨੂੰ ਹਦਾਇਤ ਕੀਤੀ ਜਾਵੇ ਕਿ ਕੋਆਰਡੀਨੇਸ਼ਨ ਸ਼ਾਖਾ ਵੱਲੋਂ ਮੰਗੀ ਗਈ ਸੂਚਨਾ ਨੂੰ ਪਹਿਲ ਦੇ ਆਧਾਰ ਤੇ ਤਿਆਰ ਕਰਕੇ ਸਮੇ ਸਿਰ ਅਤੇ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਮੁਕੰਮਲ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ। ਤਾਂ ਜੋ ਵਿਭਾਗ ਵੱਲੋਂ ਸਰਕਾਰ ਪੱਧਰ ਤੇ ਸੂਚਨਾ ਭੇਜਣ ਵਿੱਚ ਬੇ ਲੋੜੀ ਦੇਰੀ ਨਾ ਹੋਵੇ।

Email sent to DYSPD(Adm), ADC (Coord)

I/556978/2023

File No. PERS-PP-1015/8/2023-2PP1

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਮਿਤੀ, ਚੰਡੀਗੜ੍ਹ: 09-05-2023

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਿਪਟੀ ਕਮਿਸ਼ਨਰ ਅਤੇ ਉਪ ਡਵੀਜ਼ਨਲ ਮੈਜਿਸਟ੍ਰੇਟ,ਪੰਜਾਬ।

DYSE 9/5

DYSPD (Adm)

ADC (Coord)

ਵਿਸ਼ਾ:- ਗਰੁੱਪ ਏ, ਬੀ, ਸੀ ਅਤੇ ਡੀ ਦੇ ਅਧਿਕਾਰੀਆ/ਕਰਮਚਾਰੀਆ ਦੀ APARs ਲਿਖਣ ਦੀ ਸਮੇ ਸਾਰਣੀ ਵਿੱਚ ਵਾਧਾ ਕਰਨ ਸਬੰਧੀ ਹਦਾਇਤਾ ਕਰਨ ਬਾਰੇ।

***

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ. PERS-PP-1015/8/2023-2PP1/538912 ਮਿਤੀ 05.04.2023 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੋਰਟਲ ਤੇ ਲੋਡ ਜਿਆਦਾ ਹੋਣ/ਤਕਨੀਕੀ ਦਿਕੱਤਾ ਆਉਣ ਕਾਰਨ ਭਾਰੀ ਮਾਤਰਾ ਵਿੱਚ ਅਧਿਕਾਰੀਆਂ/ਕਰਮਚਾਰੀਆਂ ਵੱਲੋ Self appraisal ਨਿਰਧਾਰਤ ਸਮੇਂ ਦੇ ਅੰਦਰ ਨਹੀ ਭਰੀ ਜਾ ਸਕੀ।

2 ਉਪਰੋਕਤ ਸਥਿਤੀ ਨੂੰ ਵਿਚਾਰਦੇ ਹੋਏ ਸਬੰਧਤ ਅਧਿਕਾਰੀ/ਕਰਮਚਾਰੀ ਵੱਲੋਂ ਆਪਣੀ ਏ.ਪੀ.ਏ.ਆਰ. (Self appraisal) ਭਰਨ ਦੀ ਮਿਤੀ ਜੋ ਪਹਿਲਾਂ 30 ਅਪ੍ਰੈਲ,2023 ਨਿਰਧਾਰਿਤ ਸੀ, ਵਿੱਚ ਮਿਤੀ 15 ਮਈ,2023 ਤੱਕ ਦਾ ਵਾਧਾ ਕੀਤਾ ਜਾਂਦਾ ਹੈ। ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਇਸ ਮਿਤੀ ਉਪਰੰਤ ਹੋਰ ਵਾਧਾ ਨਹੀ ਕੀਤਾ ਜਾਵੇਗਾ। ਇਸ ਲਈ ਸਮੂਹ ਅਧਿਕਾਰੀ/ਕਰਮਚਾਰੀ ਆਪਣੀ ਏ.ਪੀ.ਏ.ਆਰ. ਮਿਤੀ 15.05.2023 ਤੱਕ ਭਰਨ ਉਪਰੰਤ ਅਗਲੇਰੀ ਅਥਾਰਟੀ ਨੂੰ ਭੇਜਣੀਆਂ ਯਕੀਨੀ ਬਣਾਉਣ।

ਵਿਸ਼ਵਾਸਪਾਤਰ

ਅਧੀਨ ਸਕੱਤਰ, ਪ੍ਰਸੋਨਲ ਵਿਭਾਗ

ਉਤਾਰਾ ਸਮੂਹ ਵਿਸ਼ੇਸ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ,ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ,ਪ੍ਰਸੋਨਲ

ਸੇਵਾ ਵਿਖੇ

ਵਿਸ਼ੇਸ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

File No: PERS-PP-1015/8/2023-2PP1/556978 ਮਿਤੀ, ਚੰਡੀਗੜ੍ਹ; 09-05-2023

File No: PERS-PP-1015/8/2023-2PP1/556978 ਮਿਤੀ, ਚੰਡੀਗੜ੍ਹ; 09-05-2023

ਉਕਤ ਦਾ ਇਕ ਉਤਾਰਾ ਸ੍ਰੀ ਮੁਕੇਸ਼ ਰੇਲੀ, ਸੀਨੀਅਰ ਟੈਕਨੀਕਲ ਡਾਇਰੈਕਟਰ ਅਤੇ ਵਿਭਾਗੀ ਮੁੱਖੀ, ਡਿਵੀਜ਼ਨ-4, ਐਨ.ਆਈ.ਸੀ., ਪੰਜਾਬ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਪ੍ਰਸੋਨਲ